**ਦਫਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ: ਫੇਜ਼-8, ਅਜੀਤਗੜ੍ਹ, ਮੋਹਾਲੀ**
**ਫੋਨ ਨੰਬਰ:0172-2212221, ਫੈਕਸ ਨੰ:0172-2212793**

---

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਸਕੂਲ ਮੁੱਖੀ, ਪੰਜਾਬ

ਮੀਮੋ ਨੰ: 1/16-2017-ਟ੍ਰੇਨਿੰਗ
ਮਿਤੀ: 20-09-2017

**ਵਿਸ਼ਾ: 8ਵੀਂ ਜਮਾਤ ਦੇ ਵਿਗਿਆਨ ਵਿਸ਼ੇ ਦੇ ਪ੍ਰਸ਼ਨ ਪੱਤਰਾਂ ਸੰਬੰਧੀ।**

1.0 ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵਿਗਿਆਨ ਵਿਸ਼ੇ ਦੀ ਪਾਠ ਪੁਸਤਕ ਵਿੱਚ ਪਾਠਕ੍ਰਮ ਨੂੰ ਪੜ੍ਹਾਉਣ ਲਈ ਬਹੁਤ ਸਾਰੀਆਂ ਕਿਰਿਆਵਾਂ ਦਿੱਤੀਆਂ ਗਈਆਂ ਹਨ।

2.0 ਇਥੇ ਇਹ ਵਰਣਨਯੋਗ ਹੈ ਕਿ ਵਿਦਿਆਰਥੀਆਂ ਦੇ ਮੁਲਾਂਕਣ ਲਈ ਵਿਗਿਆਨ ਵਿਸ਼ੇ ਦੇ ਪ੍ਰਸ਼ਨ-ਪੱਤਰ ਵਿੱਚ ਕਿਰਿਆਵਾਂ 'ਤੇ ਅਧਾਰਿਤ ਪ੍ਰਸ਼ਨ ਪੁੱਛੇ ਜਾਣੇ ਬਹੁਤ ਜ਼ਰੂਰੀ ਹਨ। 8ਵੀਂ ਜਮਾਤ ਦੇ ਪ੍ਰਸ਼ਨ-ਪੱਤਰ ਸੈਂਪਲ ਦੇ ਤੌਰ ਤੇ ਤਿਆਰ ਕਰਕੇ ਵੈਬਸਾਈਟ ਤੇ ਪਾਏ ਗਏ ਹਨ। ਸੋ ਆਪ ਜੀ ਨੂੰ ਇਹ ਗੁਜ਼ਾਰਿਸ਼ ਹੈ ਕਿ ਜਮਾਤ ਵਿੱਚ ਪਾਠ ਕ੍ਰਮ ਅਨੁਸਾਰ ਨਿਰਧਾਰਿਤ ਸਾਰੀਆਂ ਹੀ ਕਿਰਿਆਵਾਂ ਨੂੰ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਿਦਿਆਰਥੀ ਪ੍ਰਸ਼ਨ-ਪੱਤਰ ਨੂੰ ਸਹਿਜ ਹੀ ਹਲ ਕਰ ਸਕਣ।

20/9/17

**ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ**
**ਪੰਜਾਬ**

ਪਿੱਠ ਅੰਕਣ ਨੰ: ਉਕਤ ਮਿਤੀ:

ਉਪਰੋਕਤ ਦਾ ਉਤਾਰਾ ਡੀ.ਐਮ. (ਐਮ.ਆਈ.ਐਸ.) ਨੂੰ ਵੈਬ ਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

20/9/17

**ਡਾਇਰੈਕਟਰ**
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ**
**ਪੰਜਾਬ**

BLUE PRINT

**SA-2**

**ਸਮਾਂ- 3 ਘੰਟੇ**

**ਕੁੱਲ ਅੰਕ-70**

**ਜਮਾਤ- ਅੱਠਵੀਂ**

**ਕਿਰਿਆ ਅਧਾਰਿਤ ਪ੍ਰਸ਼ਨਾਂ ਦੇ ਕੁੱਲ ਅੰਕ 25 ਹੋਣਗੇ।**

ਪਾਠ- 9,10,12,13,14,16,17,18

**ਭਾਗ-ੳ** **ਕੁੱਲ ਅੰਕ- 20**

ਇਸ ਵਿੱਚ ਚਾਰ ਪ੍ਰਸ਼ਨ ਹੋਣਗੇ.

(1) ਖਾਲੀ ਥਾਂ ਭਰਨੀ (1-1 ਅੰਕ ਦੇ 5ਸਵਾਲ--5 ਅੰਕ)

(2) ਮਿਲਾਨ ਕਰੋ (1-1 ਅੰਕ ਦੇ 5ਸਵਾਲ--5 ਅੰਕ)

(3) ਸਹੀ ਉੱਤਰ ਚੁਣਨਾ (1-1 ਅੰਕ ਦੇ 5ਸਵਾਲ--5 ਅੰਕ)

(4) ਠੀਕ ਅਤੇ ਗਲਤ (1-1 ਅੰਕ ਦੇ 5ਸਵਾਲ--5 ਅੰਕ)

ਨੋਟ-ਕਿਰਿਆ ਦੇ ਪ੍ਰਸ਼ਨ 9 ਅੰਕ ਦੇ ਹੋਣਗੇ।

**ਭਾਗ-ਅ** **ਕੁੱਲ ਅੰਕ-14**

ਇਸ ਵਿੱਚ 7 ਪ੍ਰਸ਼ਨ ਹੋਣਗੇ । ਹਰ ਇੱਕ ਪ੍ਰਸ਼ਨ ਦੋ-ਦੋ ਅੰਕ ਦਾ ਹੋਵੇਗਾ

ਨੋਟ-ਕਿਰਿਆ ਦੇ ਪ੍ਰਸ਼ਨ 5 ਅੰਕ ਦੇ ਹੋਣਗੇ।

**ਭਾਗ-ੲ** **ਕੁੱਲ ਅੰਕ-21**

ਇਸ ਵਿੱਚ 7 ਪ੍ਰਸ਼ਨ ਹੋਣਗੇ । ਹਰ ਇੱਕ ਪ੍ਰਸ਼ਨ 3-3ਅੰਕ ਦਾ ਹੋਵੇਗਾ

ਨੋਟ-ਕਿਰਿਆ ਦੇ ਪ੍ਰਸ਼ਨ 6 ਅੰਕ ਦੇ ਹੋਣਗੇ।

**ਭਾਗ-ਸ** **ਕੁੱਲ ਅੰਕ 15**

ਇਸ ਵਿੱਚ 3 ਪ੍ਰਸ਼ਨ ਹੋਣਗੇ । ਹਰ ਇੱਕ ਪ੍ਰਸ਼ਨ 5-5 ਅੰਕ ਦਾ ਹੋਵੇਗਾ ਅਤੇ ਅੰਦਰੂਨੀ ਛੂਟ ਹੋਵੇਗੀ।

ਨੋਟ-ਕਿਰਿਆ ਦੇ ਪ੍ਰਸ਼ਨ 5 ਅੰਕ ਦੇ ਹੋਣਗੇ।

ਪ੍ਰਸ਼ਨ ਪੱਤਰ- SA-II ਕੁੱਲ ਅੰਕ-70

ਕਲਾਸ- ਅਠੱਵੀਂ ਸਮਾਂ 3 ਘੰਟੇ

ਸਾਰੇ ਪ੍ਰਸ਼ਨ ਜ਼ਰੂਰੀ ਹਨ।

## ਭਾਗ(ੳ)-20 ਅੰਕ

ਪ੍ਰਸ਼ਨ ਨੰ:1. ਖਾਲੀ ਸਥਾਨ ਭਰੋ (5)

(1) ਮਨੁੱਖ ਵਿੱਚ _______ ਜੋੜੀ ਗੁਣਸੂਤਰ ਹੁੰਦੇ ਹਨ। (1)





(2) ਆਇਓਡੀਨ ਦੀ ਕਮੀ ਨਾਲ ______ ਪੈਦਾ ਹੁੰਦੇ ਹਨ। (1)

(3) ਰਗੜ ਨਾਲ _______ ਪੈਦਾ ਹੁੰਦੀ ਹੈ। (1)

(4) ਆਵ੍ਰਿਤੀ ਦਾ ਮਾਤ੍ਰਿਕ ______ਹੈ। (1)

(5) ਬਿਜਲੀ ਧਾਰਾ ਦੁਆਰਾ ਕਿਸੇ ਧਾਤਉੱਤੇ ਇੱਛਤ ਧਾਤ ਦੀ ਪਰਤ ਚੜਾਉਣ ਦੀ ਪ੍ਰਕਿਰਿਆ ਨੂੰ _____ ਕਹਿੰਦੇ ਹਨ। (1)

ਪ੍ਰਸ਼ਨ ਨੰ:2. ਮਿਲਾਣ ਕਰੋ (5)

| ਕਾਲਮ-1 | ਕਾਲਮ-2 |
|---|---|
|   | (1) ਲਿੰਗ ਨਿਰਧਾਰਣ |
|  | (2)ਬਿਜਲੀ ਅਪਘਟਨ |
|  | (3) ਕਮਾਨੀਦਾਰ ਤੁਲਾ |
|  | (4) ਮਨੁੱਖੀ ਅੰਡਾਣੂ |
|  | (5) ਬੈਟਰੀ ਚਿੰਨ |

ਪ੍ਰਸ਼ਨ ਨੰ:3 (ੳ)ਸੂਰਜੀ ਪ੍ਰਕਾਸ਼ ਵਿੱਚਕਿੰਨੇ ਰੰਗ ਹੁੰਦੇ ਹਨ?

(1) 5

(2) 6

(3) 7

(4) ਅਣਗਿਣਤ

(ਅ) ਸੂਰਜੀ ਪਰਿਵਾਰ ਦੇ ਮੈਂਬਰ ਨਹੀਂ ਹੈ/ਹਨ।

(1) ਸ਼ੁੱਕਰ ਗ੍ਰਹਿ

(2) ਉਪਗ੍ਰਹਿ

(3) ਤਾਰਾ ਮੰਡਲ

(4) ਧੂਮਕੇਤੂ

(ੲ) ਹਰੇ ਗ੍ਰਹਿ ਪ੍ਰਭਾਵ ਦਾ ਕਾਰਣ ਹੈ? (1)

(1) ਧਰਤੀ ਦਾ ਹਰਾ ਭਰਾ ਹੋਣਾ।

(2) ਵਾਯੂਮੰਡਲੀ ਕਾਰਬਨਡਾਈਆਕਸਾਈਡ ਰਾਹੀਂ ਸੂਰਜੀ ਕਿਰਨਾਂ ਨੂੰ ਸੋਖਣਾ ਅਤੇ ਪਰਾਵਰਤਨ।

(3) ਹਵਾ ਵਿਚਲੀ ਮਿੱਟੀ ਸੂਰਜ ਦੀਆਂ ਕਿਰਨਾਂ ਨੂੰ ਸੋਖਦੀ ਹੈ।

(4) ਹਵਾ ਵਿਚਲੀ ਆਕਸੀਜਨ ਦਾ ਸੂਰਜ ਦੀਆਂ ਕਿਰਨਾਂ ਨੂੰ ਸੋਖਣਾ।

(ਸ) ਇੱਕ ਯੁਗਮਜ਼ ਵਿੱਚ ਪਾਏ ਜਾਣ ਵਾਲੇ ਕੇਂਦਰਕਾਂ ਦੀ ਸੰਖਿਆਂ ਹੁੰਦੀ ਹੈ: (1)

(1) ਇੱਕ

(2) ਦੋ

(3) ਚਾਰ

(4) ਕੋਈ ਨਹੀ

(ਹ) ਕਿਸ਼ੋਰਾ ਲਈ ਸਭ ਤੋਂ ਉਚਿਤ ਭੋਜਨ ਹੈ: (1)

(1) ਚਿਪਸ, ਨੂਡਲਜ਼, ਕੋਕ

(2) ਰੋਟੀ, ਦਾਲ, ਸਬਜ਼ੀਆਂ

(3) ਚਾਵਲ, ਨੂਡਲਜ਼,ਬਰਗਰ

(4) ਸ਼ਾਕਾਹਾਰੀ ਟਿੱਕੀ, ਚਿਪਸ ਅਤੇ ਲੈਮਨ

ਪ੍ਰਸ਼ਨ:4. ਹੇਠ ਲਿਖੇ ਕਥਨ ਸਹੀ ਹਨ ਜਾਂ ਗਲਤ (5)

(1) ਵੇਲਣੀ ਰਗੜ ਸਰਕਣਸ਼ੀਲ ਰਗੜ ਤੋਂ ਘੱਟ ਹੁੰਦੀ ਹੈ।

(2) ਸ਼ੁੱਧ ਪਾਣੀ ਬਿਜਲੀ ਦਾ ਚਾਲਕ ਹੈ।

(3) ਸਮਜਾਤੀ ਚਾਰਜ ਇੱਕ ਦੂਜੇ ਨੂੰ ਖਿੱਚਦੇ ਹਨ।

(4) ਬੁੱਧ ਸੂਰਜੀ ਪਰਿਵਾਰ ਦਾ ਸਭ ਤੋਂ ਛੋਟਾ ਹੈ।

(5) ਓਜ਼ੋਨ ਪਰਤ ਕਰਨ ਨੂੰ ਨੁਕਸਾਨ ਪਹੁੰਚਾਉਣ ਵਾਲੀ ਗੈਸ ਕਲੋਰੋਫਲੋਰੋਕਾਰਬਨ ਹੈ।

## ਭਾਗ- ਅ

## ਕੁਲ ਅੰਕ-14, ਹਰੇਕ ਪ੍ਰਸ਼ਨ 2 ਅੰਕ

ਪ੍ਰਸ਼ਨ ਨੰ:5. ਸ਼ੁੱਧ ਹਵਾ ਅਤੇ ਪ੍ਰਦੂਸ਼ਿਤ ਹਵਾ ਵਿੱਚ ਅੰਤਰ ਸਪਸ਼ਟ ਕਰੋ। (2)

ਪ੍ਰਸ਼ਨ ਨੰ:6. ਸਪਤਰਿਸ਼ੀ ਤਾਰਾ ਮੰਡਲ ਦਾ ਚਿਤੱਰ ਬਣਾ ਕੇ ਤਾਰਿਆਂ ਦੀ ਸਥਿਤੀ ਦੱਸੋ। (2)

ਪ੍ਰਸ਼ਨ ਨੰ:7. ਸਰਦੀਆਂ ਵਿੱਚ ਸਵੈਟਰ ਉਤਾਰਦੇ ਸਮੇਂ ਕੜ-ਕੜ ਦੀ ਆਵਾਜ਼ ਕਿਊਂਆਊਂਦੀ ਹੈ?(2)

ਪ੍ਰਸ਼ਨ ਨੰ:8.ਬਿਜਲੀ ਧਾਰਾ ਕਾਰਨ ਚੁੰਬਕੀ ਸੂਈ ਵਿਖੇਪਿਤ ਹੁੰਦੀ ਹੈ। ਕਾਰਣ ਦੀ ਵਿਆਖਿਆ ਕਰੋ।(2)

ਪ੍ਰਸ਼ਨ ਨੰ:9. ਇੱਕ ਪੈਂਡੂਲਮ 4 ਸੈਕਿੰਡ ਵਿੱਚ 40 ਵਾਰ ਡੋਲਨ ਦਾ ਕਰਦਾ ਹੈ, ਇਸ ਦਾ ਆਵਰਤਕਾਲ ਤੇ ਅਵ੍ਰਿਤੀ ਪਤਾ ਕਰੋ। (2)

ਪ੍ਰਸ਼ਨ ਨੰ:10. ਖਿਡਾਰੀ ਕਿੱਲਾਂ ਵਾਲੀ ਜੁੱਤੀ ਕਿਉਂਪਹਿਨਦੇ ਹਨ? ਵਿਆਖਿਆ ਕਰੋ। (2)


ਪ੍ਰਸ਼ਨ ਨੰ: 11. ਸਰੀਰਕ ਕਸਰਤ ਕਰਨ ਦੇ ਕੋਈ ਦੋ ਲਾਭ ਲਿਖੋ। (2)

## ਭਾਗ-ੲ

## ਕੁੱਲ ਅੰਕ 21, ਹਰੇਕ ਪ੍ਰਸ਼ਨ 3 ਅੰਕ ਦਾ ਹੈ।

## ਕੁੱਲ ਪ੍ਰਸ਼ਨ -7

ਪ੍ਰਸ਼ਨ ਨੰ:12. ਚਿੱਤਰ ਵੇਖ ਕੇ ਦੱਸੋ ਕਿ ਇਹ ਪ੍ਰਜਣਨ ਦੀ ਕਿਹੜੀ ਵਿਧੀ ਹੈ, ਇਸ ਵਿਧੀ ਦੀ ਪਰਿਭਾਸ਼ਾ ਦਿਓ, ਜੀਵ ਦਾਨਾਂ ਵੀ ਲਿਖੋ।




ਪ੍ਰਸ਼ਨ ਨੰ:13. ਮਾਸਿਕ ਚੱਕਰ ਕੀ ਹੈ? ਵਰਨਣ ਕਰੋ। (3)

ਪ੍ਰਸ਼ਨ ਨੰ:14. ਰਗੜ ਬਲ ਨੂੰ ਘੱਟ ਕਰਨ ਦੇ ਉਪਾਅ ਲਿਖੋ। (3)

ਪ੍ਰਸ਼ਨ ਨੰ:15. ਸ਼ੋਰ ਪ੍ਰਦੂਸ਼ਣ ਮਨੁੱਖ ਲਈ ਕਿਵੇਂ ਹਾਨੀਕਾਰਕ ਹੈ ? (3)

ਪ੍ਰਸ਼ਨ ਨੰ:16. ਚਿੱਤਰ ਵਿੱਚ ਤਾਂਬੇ ਦਾ ਮੁਲੰਮਾਕਰਨਦੀ ਵਿਧੀ ਦਿਖਾਈ ਗਈ ਹੈ। (3)



(ੳ) ਬੀਕਰ ਵਿੱਚ ਪਏ ਘੋਲ ਦਾ ਨਾਮ ਲਿਖੋ[

(ਅ) ਚਿੱਤਰ ਵਿੱਚA ਅਤੇ B ਦੀ ਧਾਤਾਂ ਦੇ ਨਾਂ ਲਿਖੋ

(ੲ) ਇਸ ਵਿਧੀ ਦਾ ਲਾਭ ਲਿਖੋ।

ਪ੍ਰਸ਼ਨ ਨੰ:17. ਆਕਾਸ਼ੀ ਬਿਜਲੀ ਤੋਂ ਆਪਣੀ ਸੁਰੱਖਿਆ ਦੇ ਤਿੰਨ ਉਪਾਅ ਸੁਝਾਓ। (3)

ਪ੍ਰਸ਼ਨ ਨੰ:18. ਉਹਨਾਂ ਅਵਸਥਾਵਾਂ ਦੀ ਵਿਆਖਿਆ ਕਰੋ ਜਿਨ੍ਹਾਂ ਨਾਲ ਤੇਜਾਬੀ ਵਰਖਾ ਹੁੰਦੀ ਹੈ।ਤੇਜਾਬੀ ਵਰਖਾ ਸਾਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। (3)

## ਭਾਗ-ਸ

## ਕੁੱਲ ਅੰਕ 15

**ਇਸ ਭਾਗ ਵਿੱਚ 3 ਪ੍ਰਸ਼ਨ ਕਰਨੇ ਹਨ, ਹਰੇਕ ਭਾਗ ਵਿੱਚ ਅੰਦਰੂਨੀ ਛੋਟ ਹੈ।**

ਪ੍ਰਸ਼ਨ ਨੰ:19.ਗ੍ਰਹਿਅਤੇ ਤਾਰਿਆਂ ਵਿੱਚ ਅੰਤਰ ਲਿਖੋ । (5)

ਜਾਂ

ਹਵਾ ਕਿਵੇਂ ਪ੍ਰਦੂਸ਼ਿਤਹੁੰਦੀ ਹੈ, ਤੁਸੀਂ ਇਸ ਨੂੰ ਕਿਵੇਂ ਘੱਟ ਕਰੋਗੇ?

ਪ੍ਰਸ਼ਨ ਨੰ:20. ਮਨੁੱਖ ਵਿੱਚ ਮਾਦਾ ਪ੍ਰਜਣਨ ਅੰਗਾਂ ਦਾ ਵਰਨਣ ਕਰੋ। (5)

ਜਾਂ

ਮਨੁੱਖ ਵਿੱਚ ਲਿੰਗ ਨਿਰਧਾਰਣ ਕਿਵੇਂ ਹੁੰਦਾ ਹੈ? ਵਿਆਖਿਆ ਕਰੋ।

ਪ੍ਰਸ਼ਨ ਨੰ:21 (1) ਕੀ ਸ਼ੁੱਧ ਪਾਣੀ ਬਿਜਲੀ ਦਾ ਚਾਲਕ ਹੈ? ਜੇ ਨਹੀਂ ਤਾਂ ਇਸਨੂੰ ਚਾਲਕ ਬਨਾਉਣ ਦੇ ਲਈ ਅਸੀਂ ਕੀ ਕਰ ਸਕਦੇ ਹਾਂ। (5)

(2) ਕੀ ਵਰਖਾ ਸਮੇਂ ਲਾਈਨਮੈਂਨ ਵੱਲੋਂ ਮੁੱਖ ਲਾਈਨ ਦੀ ਬਿਜਲੀ ਦੀਮੁੰਰਮਤ ਕਰਨਾ ਠੀਕ ਹੈ ?ਵਿਆਖਿਆ ਕਰੋ। ਜਾਂ

ਮਨੁੱਖੀ ਕੰਠ ਦਾ ਚਿੱਤਰ ਬਣਾ ਕੇ ਇਸ ਦੀਕਾਰਜਪ੍ਰਣਾਲੀ ਦੀ ਵਿਆਖਿਆ ਕਰੋ।